ਨੰ: 10/2/08-3ਬਅ/ - 1300

ਪੰਜਾਬ ਸਰਕਾਰ

ਚੌਕਸੀ ਵਿਭਾਗ

(ਬਜਟ ਅਤੇ ਅਮਲਾ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਮੰਡਲਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਅਫਸਰ।

ਮਿਤੀ, ਚੰਡੀਗੜ੍ਹ: 21-1-08

ਵਿਸ਼ਾ:- **ਪ੍ਰੋਸੋਨਲ ਵਿਭਾਗ, ਪੰਜਾਬ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਗਰੁੱਪ-ਏ ਅਤੇ ਬੀ ਵਿੱਚ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦਾ ਚੌਕਸੀ ਵਿਭਾਗ ਵੱਲੋਂ ਪੈਨਸ਼ਨ ਸਫਾਈ ਸਰਟੀਫਿਕੇਟ ਜਾਰੀ ਕਰਨ ਬਾਰੇ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪਦਾ ਧਿਆਨ ਚੌਕਸੀ ਵਿਭਾਗ ਦੇ ਗਸ਼ਤੀ ਪੱਤਰ ਜੋ ਅੰ:ਵਿ:ਨੰ: 19/1/2002-4ਚ(1)/17424 ਮਿਤੀ 7.6.02 (ਕਾਪੀ ਨੱਥੀ) ਨਾਲ ਜਾਰੀ ਹੋਇਆ ਸੀ, ਵੱਲ ਦਿਵਾਉਣ ਦੀ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਵਿੱਚ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ: 5/13/93-1ਪੀਪੀ1/3060 ਮਿਤੀ 7.3.2001 ਦੇ ਆਧਾਰ ਤੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਆਪਣੇ ਅਧੀਨ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਹ ਹਦਾਇਤਾਂ ਜਾਰੀ ਕਰਨ ਕਿ ਜੋ ਹਦਾਇਤਾਂ ਪਹਿਲਾਂ ਗਜ਼ਟੀ ਅਧਿਕਾਰੀਆਂ ਦਰਜਾ-II ਤੇ ਲਾਗੂ ਹੁੰਦੀਆਂ ਸਨ ਉਹ ਹੁਣ ਗਰੁੱਪ 'ਬੀ' ਦੇ ਕਰਮਚਾਰੀਆਂ ਤੇ ਵੀ ਲਾਗੂ ਹੋਣਗੀਆਂ ਭਾਵ ਕਿ ਗਰੁੱਪ 'ਬੀ' ਵਿੱਚ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸੇਵਾ-ਨਿਵਿਰਤੀ ਵੇਲੇ ਚੌਕਸੀ ਵਿਭਾਗ ਪਾਸੋਂ ਪੈਨਸ਼ਨ ਸਫਾਈ ਸਰਟੀਫਿਕੇਟ ਹਾਸਿਲ ਕਰਨ ਲਈ ਮੁਕੰਮਲ ਸੂਚਨਾ ਦਿੰਦੇ ਹੋਏ ਇੱਕ ਸਾਲ ਪਹਿਲਾਂ ਆਪਣੇ ਪ੍ਰਬੰਧਕੀ ਵਿਭਾਗ ਰਾਹੀਂ ਹਵਾਲਾ ਚੌਕਸੀ ਵਿਭਾਗ ਨੂੰ ਭੇਜਿਆ ਕਰਨ, ਪਰ ਇਸਦੇ ਬਾਵਜੂਦ ਵੀ ਮਹਾਂਲੇਖਾਕਾਰ, ਪੰਜਾਬ (ਏ ਐਂਡ ਈ) ਨੇ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਰਿਟਾਇਰ ਹੋਣ ਵਾਲੇ/ਰਿਟਾਇਰ ਹੋਏ ਅਧਿਕਾਰੀਆਂ/ਕਰਮਚਾਰੀਆਂ ਦੇ ਸਬੰਧ ਵਿੱਚ ਵਿਭਾਗਾਂ ਵੱਲੋਂ ਪੈਨਸ਼ਨ ਪੇਮੈਂਟ ਆਰਡਰ/ਰਿਟਾਇਰਮੈਂਟ ਲਾਭਾਂ ਦੇ ਹੁਕਮ ਜਾਰੀ ਕਰਨ ਲਈ ਜਦੋਂ ਕੇਸ ਤਿਆਰ ਕਰਕੇ ਉਨ੍ਹਾਂ ਦੇ ਦਫਤਰ ਨੂੰ ਭੇਜੇ ਜਾਂਦੇ ਹਨ ਤਾਂ ਅਕਸਰ ਜ਼ਿਆਦਾਤਰ ਕੇਸਾਂ ਵਿੱਚ ਇਨ੍ਹਾਂ ਦੇ ਨਾਲ ਚੌਕਸੀ ਵਿਭਾਗ ਵੱਲੋਂ ਜਾਰੀ ਕੀਤੇ ਗਏ ਪੈਨਸ਼ਨ ਸਫਾਈ ਸਰਟੀਫਿਕੇਟ ਲੱਗੇ ਨਹੀਂ ਹੁੰਦੇ ਜਿਨ੍ਹਾਂ ਦੀ ਅਣਹੋਂਦ ਕਾਰਨ ਅਕਸਰ ਵਿਭਾਗਾਂ ਦੇ ਮੁਖੀਆਂ ਨੂੰ ਅਧੂਰੇ ਪੈਨਸ਼ਨ ਕੇਸ ਵਾਪਿਸ ਕਰਨੇ ਪੈਂਦੇ ਹਨ ਅਤੇ ਅਜਿਹਾ ਕਰਨ ਨਾਲ ਰਿਟਾਇਰ ਹੋਏ ਅਧਿਕਾਰੀ/ਕਰਮਚਾਰੀ ਸਬੰਧੀ ਪੈਨਸ਼ਨ ਪੇਮੈਂਟ ਆਰਡਰ/ਉਸਨੂੰ ਮਿਲਣ ਵਾਲੇ ਰਿਟਾਇਰਮੈਂਟ ਲਾਭਾਂ ਦੇ ਸਬੰਧ ਵਿੱਚ ਹੁਕਮ ਜਾਰੀ ਕਰਨ ਵਿੱਚ ਦੇਰੀ ਹੁੰਦੀ ਹੈ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਰਿਟਾਇਰ ਹੋਏ ਅਧਿਕਾਰੀਆਂ/ਕਰਮਚਾਰੀਆਂ ਦੇ ਹੱਕ ਵਿੱਚ ਸਮੇਂ-ਸਿਰ ਜਲਦੀ ਪੈਨਸ਼ਨ ਪੇਮੈਂਟ ਆਰਡਰ ਅਤੇ ਰਿਟਾਇਰਮੈਂਟ ਲਾਭਾਂ ਦੀ ਅਦਾਇਗੀ ਸਬੰਧੀ ਮਹਾਂਲੇਖਾਕਾਰ ਪੰਜਾਬ (ਏ ਐਂਡ ਈ) ਵੱਲੋਂ ਕਾਰਵਾਈ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਚੌਕਸੀ ਵਿਭਾਗ ਦੀਆਂ ਉਕਤ ਹਦਾਇਤਾਂ ਮਿਤੀ 7.6.02 ਦੀ ਪਾਲਣਾ ਕਰਦੇ ਹੋਏ ਚੌਕਸੀ ਵਿਭਾਗ ਪਾਸੋਂ ਪੈਨਸ਼ਨ ਸਫਾਈ ਸਰਟੀਫਿਕੇਟ ਜਲਦੀ ਸਮੇਂ-ਸਿਰ ਜਾਰੀ ਕਰਵਾਉਣ ਲਈ ਮੁਕੰਮਲ ਸੂਚਨਾ ਦਿੰਦੇ ਹੋਏ ਇੱਕ ਸਾਲ ਪਹਿਲਾਂ ਹਵਾਲਾ ਚੌਕਸੀ ਵਿਭਾਗ ਨੂੰ ਆਪਣੇ ਪ੍ਰਬੰਧਕੀ ਵਿਭਾਗ ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।

2. ਇਸ ਪੱਤਰ ਦੀ ਪਹੁੰਚ ਰਸੀਦ ਭੇਜਣੀ ਯਕੀਨੀ ਬਣਾਈ ਜਾਵੇ।

(ਐਚ.ਐਸ.ਪਾਬਲਾ)

ਵਧੀਕ ਸਕੱਤਰ ਪੰਜਾਬ ਸਰਕਾਰ,

ਚੌਕਸੀ ਵਿਭਾਗ।

ਚਲਦਾ..2

205 (31)

ਪਿ:ਅ:ਨੰ: 10/2/08-3ਬਅ/ 1301 ਮਿਤੀ,ਚੰਡੀਗੜ੍ਹ 21-1-08

ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਨੂੰ ਇਸ ਵਿਭਾਗ ਦੇ ਅ:ਵਿ:ਪੱ: ਨੰ: 19/1/02-4ਚ(1)/17424 ਮਿਤੀ 7.6.02 ਦੀ ਕਾਪੀ ਸਹਿਤ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਅਧੀਨ ਆਉਂਦੇ ਵਿਭਾਗਾਂ ਦੇ ਮੁਖੀਆਂ ਨੂੰ ਉਕਤ ਹਦਾਇਤਾਂ ਦੀ ਇੰਨਬਿੰਨ ਪਾਲਣਾ ਕਰਨ ਲਈ ਹਦਾਇਤ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।

ਵਧੀਕ ਸਕੱਤਰ ਪੰਜਾਬ ਸਰਕਾਰ,
ਚੌਕਸੀ ਵਿਭਾਗ।

ਪਿ:ਅ: ਨੰ: 10/2/08-3ਬਅ/ 1302 ਮਿਤੀ,ਚੰਡੀਗੜ੍ਹ 21-1-08

ਉਤਾਰਾ ਮਹਾਂਲੇਖਾਕਾਰ, ਪੰਜਾਬ (ਏ.ਐਂਡ ਈ) ਚੰਡੀਗੜ੍ਹ ਨੂੰ ਉਨ੍ਹਾਂ ਦੇ ਅ:ਸ:ਪੱ: ਨੰ: ਪੈਨਸ਼ਨ 1/ਪੈਨਸ਼ਨ ਕਲੀਅਰੈਂਸ ਸਰਟੀਫਿਕੇਟ/ਵਿਜੀਲੈਂਸ ਡਿਪਾਰਟਮੈਂਟ/07-08/16193 ਮਿਤੀ 24.12.07 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪੰਜਾਬ ਸਰਕਾਰ,
ਚੌਕਸੀ ਵਿਭਾਗ।

ਪਿ:ਅ:ਨੰ: 10/2/08-3ਬਅ/ 1303 ਮਿਤੀ,ਚੰਡੀਗੜ੍ਹ 21-1-08

ਉਤਾਰਾ ਡਾਇਰੈਕਟਰ, ਚੌਕਸੀ ਬਿਊਰੋ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪੰਜਾਬ ਸਰਕਾਰ,
ਚੌਕਸੀ ਵਿਭਾਗ।

ਉਤਾਰਾ ਚੌਕਸੀ ਵਿਭਾਗ ਦੀਆਂ ਸਮੂਹ ਸ਼ਾਖਾਵਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪੰਜਾਬ ਸਰਕਾਰ,
ਚੌਕਸੀ ਵਿਭਾਗ।

ਸੇਵਾ ਵਿਖੇ,

1. ਬਜਟ ਅਤੇ ਅਮਲਾ ਅਫਸਰ, ਚੌਕਸੀ ਵਿਭਾਗ ;
2. ਸੁਪਰਡੰਟ, ਚੌਕਸੀ-1,2,3,4,5 ਸ਼ਾਖਾ ;
3. ਉਪ ਜ਼ਿਲ੍ਹਾ ਅਟਾਰਨੀ, ਚੌਕਸੀ ਵਿਭਾਗ ;
4. ਰੀਡਰ/ਕਮਿਸ਼ਨਰ, ਪੜਤਾਲਾਂ।

ਅ:ਸ:ਪੱ: ਨੰ: 10/2/03-3ਬਅ/ 1304-1311 ਮਿਤੀ,ਚੰਡੀਗੜ੍ਹ 21/1/08

2/4.9.09